੧ ਓ ਸਤਿਗੁਰੂ ਪ੍ਰਸਾਦਿ ॥
ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਏ ॥


ਈਸਟ ਅਫਰੀਕਨ ਨਾਮਧਾਰੀ ਸੰਗਤ

[ਹੈਡ ਆਫਸ ਨੈਰੋਬੀ] ਵਲੋਂ

ਹੋਲਾ ਪੁਰਬ ਸਮੇਂ ਪ੍ਰਕਾਸ਼ ਕੀਤਾ ਗਿਆ

ਸੀਸ ਬੱਧਾ ਸਿਰ ਪੇਚ ਫੱਬੇ ਗਲ ਮਾਲ ਬਨੀ ਮੁਕਵਾਲਨ ਕੀ।
ਲੋਚਨ ਲੋਲ ਬਿਲੋਕਤ ਲੋਕਨ, ਪੀਰ ਹਰੇ ਅਬ ਜਾਲਨ ਕੀ।
ਕੁੰਡਲ ਡੋਲ ਕਪੋਲ ਅਮੋਲ ਗਿਰਾ ਜਿਹ ਗਯਾਨ ਸਿਖਾਲਨ ਕੀ।
ਸੁੰਦਰ ਜਿਉ ਅਰ ਬਿੰਦ ਖਿਰਾ ਮੁਖ ਜਾਂ ਗੋਤਿ ਕੀਨ ਬੇਹਾਲਨ ਕੀ।
[ਨਾਨਕ ਪ੍ਰਕਾਸ਼]

ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਮਹਾਰਾਜ



ਪ੍ਰਕਾਸ਼:—
ਚੇਤ ਵਦੀ ਸੁਭਿ ਤੀਜ ਕੋ ਐਤਵਾਰ ਦਿਨ ਜਾਣ ॥
ਸੰਮਤ ਇਕ ਨੌਂ ਚਾਰ ਛੇਇ, ਰਹੋਰਾਸ ਪ੍ਰਮਾਣ ॥
ਪ੍ਰਗਟੇ ਹਰਿ ਪ੍ਰਤਾਪ ਜੀ ਭੈਣੀ ਜੋ ਇਕ ਗ੍ਰਾਮ ॥
ਮਾਤਾ ਜੀਵਣ ਕੌਰ ਜੀ ਪਿਤਾ [ਗੁਰ] ਹਰੀ ਸਿੰਘ ਨਾਮ ॥
ਆਠ ਜਾਮ ਚੌਸਠ ਘੜੀ ਸੁਭਾ ਮੱਧ ਅਰ ਸ਼ਾਮ ॥
ਹੱਥ ਜੋੜਕੇ "ਕੰਵਲ" ਦੀ ਬਾਰ ਬਾਰ ਪ੍ਰੀਨਾਮ।

Duplicate



Sri Satguru Jagjit Singh Ji E-library

Sri Satguru Jagjit Singh Ji E-library has been created with the approval and personal blessings of Sri Satguru Uday Singh Ji. You can easily access the wealth of teaching, learning and research materials on Sri Satguru Jagjit Singh Ji E-library online, which until now have only been available to a handful of scholars and researchers.

This new Sri Satguru Jagjit Singh Ji E-library allows school children, students, researchers and armchair scholars anywhere in the world at any time to study and learn from the original documents.

As well as opening access to our historical pieces of world heritage, digitisation ensures the long-term protection and conservation of these fragile treasures. This is a significant milestone in the development of the Sri Satguru Jagjit Singh Ji E-Library, but it is just a first step on a long road.

Please join with us in this remarkable transformation of the Library. You can share your books, magazines, pamphlets, photos, music, videos etc. This will ensure they are preserved for generations to come. Each item will be fully acknowledged.

To continue this work, we need your help

Your generous contribution and help will ensure that an ever-growing number of the Library's collections are conserved and digitised, and are made available to students, scholars, and readers the world over. The Sri Satguru Jagjit Singh Ji E-Library collection is growing day by day and some rare and priceless books/magazines/manuscripts and other items have already been digitised.

We would like to thank all the contributors who have kindly provided items from their collections. This is appreciated by us now and many readers in the future.

Contact Details

For further information - please contact

Email: NamdhariElibrary@gmail.com

kirpal singh chana

ਰਾਗ-ਮਾਲਾ

ਅਰਥਾਤ

ਚੌਰਾਸੀ ਰਾਗਾਂ ਦੀ ਕ੍ਰਮਵਾਰ ਗਿਣਤੀ

(ਦੋਹਰਾ)

ਪ੍ਰਥਮ ਭੈਰੋਂ ਰਾਗ ਹੈ ਦੁਤੀਆਂ ਮੂਲ ਕੌਂਸ ਜਾਨ ।।
ਤ੍ਰਿਤੀਆ ਕਹਾ ਹਿੰਡੋਲ ਹੈ, ਚੌਥਾ ਦੀਪਕ ਮਾਨ ।।
ਸ੍ਰੀ ਰਾਗ ਹੈ ਪਾਚਵਾਂ, ਮੇਘਰਾਗ ਛਟਾ ਧਾਰ ।।
ਆਗੇ "ਕੰਵਲ" ਵਾਰਨਣ ਦੀਆ ਸਭ ਰਾਸਣ ਪ੍ਰੀਵਾਰ ।।

੧. ਰਾਗ ਭੈਰੋਂ ਦਾ ਪ੍ਰਵਾਰ (ਕਬਿਤ)

ਭੈਰੋਂ ਰਾਗ ਪ੍ਰੱਥਮੁ ਉਚਾਰਨ ਕੀਯੋ ਹੈ ਸੱਭ । ਨਾਲ ਇਸ ਪਾਂਚ ਹੀ ਬ੍ਰੰਗਨਾ ਸੁਹਾਈਏ ।।
ਭੈਰਵੀ, ਬਿਲ੍ਹਾਲੀ, ਪੁਨਯਾਕੀ, ਬੰਗਾਲੀ, ਅਸਲੇਖੀ । ਏਹੁ ਨਾਮ ਨਾਰੀਮਾਨ ਸੁਘੜ ਬਤਾਈਏ ।।
ਔਬਿ ਆਠ ਪੁੱਤ੍ਰ ਵਖਾਣੇ ਭਿੰਨ ਭਿੰਨ ਜਾਣ । ਤਿਹੁ ਲੋਕ ਵਿਚ ਜਾਕੀ ਫਿਰਤ ਦੁਹਾਈਏ ।।
ਹਰਖੰਦ, ਪੰਛਮ, ਬੰਗਾਲ, ਦੇਵਸਾਖ, ਮੱਧ । ਮਾਧਵ, ਲੱਲਤ ਔ ਬਿਲਾਵਲ ਸੁਹਾਈਏ ।।

੨. ਰਾਗ ਮਾਲ ਕੌਂਸ ਪ੍ਰਵਾਰ

ਮੂਲ ਕੌਂਸ ਦੁਤੀਆਂ ਉਚਾਰ ਦੀਯੋ ਬੁਧ ਵਾਨ । ਸਾਥ ਪਾਂਚ ਔਰਤੋਂ ਕਾ ਨਾਮ ਭੀ ਵਖਾਣੀ ਦਾ ।।
ਗੌਡਕਲੀ, ਦੇਵਗੰਧਾਰੀ, ਹੁੱਤੀ, ਗੰਧਾਰੀ, ਧਨਾਸਰੀ ਸੁਰੋਂ ਕੇ ਅਲਾਪ ਸਾਥ ਭੇਦ ਕੋ ਪਛਾਣੀ ਦਾ ।।
ਅਗੇ ਆਠ ਪੁਤ ਕਾ ਉਚਾਰ ਕੀਓ, ਜੋੜ ਜੋੜ । ਜਾਹਿ ਕੇ ਮਿਲਾਪ ਤੇ ਅਨੰਦ ਘਰੋ ਮਾਣੀ ਦਾ ।।
ਮਾਰੂ, ਮਸਤਾਂਗ, ਚੰਡਕੌਂਸ, ਕਓਸਕ, ਮੇਵਾਰਾ, ਭਉਰਾਨੰਦ, ਖਉਖੱਟ, ਮਾਲ, ਮੁਖ ਲਾਣੀ ਦਾ ।।

੩. ਰਾਗ ਹਿੰਡੋਲ ਪ੍ਰਵਾਰ

ਤੀਸਰਾ ਹਿੰਡੋਲ ਨਾਲ ਰਾਗੀਣੀਆਂ ਨਾਰਾ ਪਾਂਚ । ਲਾਗੇ ਨਹੀਂ ਆਂਚ, ਜੋ ਸੁਰਾਂ 'ਚ ਮਿਲ ਗਾਏਗਾ ।।
ਤੇਲੰਗੀ, ਦੇਵਕੱਲੀ ਬਸੰਤੀ, ਸਿੰਧਰੀ, ਅਹੀਰੀ, ਭੇਦ ਕੀ ਪਛਾਣ ਨਾਲ ਤਾਲ ਮੇਲ ਆਏਗਾ ।।
ਕਹੇ ਆਠ ਪੂਤ ਭਾਗ ਜਾਣ ਪਾਚੋ ਦੂਤ ਨੀਚ । ਸੁਰ ਕੇ ਸੁਮੇਤ ਕੰਠ ਤਾਂਨ ਜੋ ਲਗਾਏਗਾ ।।
ਸੁਰਮਾਨੰਦ, ਭਾਸਕਰ, ਚੰਦ੍ਰ, ਬਿੰਬ, ਮੰਗਲਾ । ਸਰਸ ਬਾਂਨ, ਤੇ ਬਿਨੋਦਾ, ਬਸੰਤ, ਆਏਗਾ ।।

ਬਾਕੀ ਆਖਰੀ ਸਫੇ ਤੇ

੧ ੴ ਸਤਿਗੁਰ ਪ੍ਰਸਾਦਿ ॥
ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਇ ॥

ਹੋਲੀ ਕੀਨੀ ਸੰਤ ਸੇਵ, ਰੰਗੁ ਲਗਾ ਅਤਿ ਲਾਲ ਦੇਵ

ਈਸਟ ਅਫਰੀਕਨ ਨਾਮਧਾਰੀ ਸੰਗਤ (ਹੈਡ ਆਫਸ ਨੈਰੋਬੀ) ਦੀ ਛੱਤ੍ਰਛਾਇਆ ਹੇਠ ਮਨਾਇਆ ਜਾ ਰਿਹਾ (ਨੈਰੋਬੀ ਕੀਨੀਆ ਵਿਖੇ)

ਹੋਲਾ ਪੁਰਬ

ਅਤੇ

੭੧ਵਾਂ ਪ੍ਰਕਾਸ਼ ਉਤਸਵ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਮਹਾਰਾਜ ਦਾ

ਸ੍ਰੀ ਨਾਮਧਾਰੀ ਧਰਮਸ਼ਾਲਾ (ਨਗਾਰਾ) ਵਿਖੇ

ਤ੍ਰੀਕ ੧੧, ੧੨, ੧੩, ੧੪, ੧੫, ੧੬ ਮਾਰਚ ੧੯੬੦

ਜਾਣ ਪਛਾਣ—

ਈਸਟ ਅਫਰੀਕਨ ਨਾਮਧਾਰੀ ਸੰਗਤ, ਇਕ ਧਾਰਮਕ ਸੰਸਥਾ ਹੈ, ਜਿਸਦਾ ਭਾਵ ਈਸ਼ਵਰ ਦੀ ਹੋਂਦ ਨੂੰ ਮਨੁਖ ਮਾਤਰ ਵਿਚ ਸਹੀ ਮੰਨਣਾ, ਅਤੇ ਲੋਕਾਂ ਵਿਚ ਪ੍ਰਚਾਰਨਾ ਹੈ। ਕੋਈ ਭੀ ਈਸ਼ਵਰ ਦੀ ਬਣਾਈ ਪ੍ਰਾਣੀ ਮਾਤਰ ਨੂੰ, ਪ੍ਰਮਾਤਮਾਂ ਦੀ ਅੰਸ ਸਮਝਕੇ, ਉਸ ਨਾਲ ਪੁਰਸ਼-ਪਰ ਪਰੇਮ ਪੈਦਾ ਕਰਨਾ ਹੈ। ਨਾਮਧਾਰੀ ਸੰਸਥਾ ਕਿਸੇ ਵੀ ਮਜ਼ਹਬ ਦੀ ਵਿਰੋਧੀ ਸੰਸਥਾ ਨਹੀਂ। ਏਸਦਾ ਭਰੋਸਾ ਕੇਵਲ ਦੇਹਧਾਰੀ [ਜਿੰਦਾ ਗੁਰੂ] ਤੇ ਹੈ। ਜੈਸੇ ਗੁਰੂ ਨਾਨਕ ਦੇਵ ਜੀ ਨੇ ਸਾਂਝੇ ਤੇ ਪਵਿਤ੍ਰ ਉਪਦੇਸ਼ਾਂ ਨਾਲ ਗੁਰਮਤਿ ਤੋਂ ਭੱਟਕਦੇ ਜੀਵਾਂ ਨੂੰ ਸਹੀ ਰਾਸਤੇ ਤੇ ਲਿਆਂਦਾ। ਦੂਸਰੇ ਗੁਰੂਆਂ ਨੇ ਵੀ ਗੁਰੂ ਨਾਨਕ ਜੀ ਦੇ ਸਿਧਾਂਤ ਨੂੰ ਅਪਨਾਇਆ। ਦਸਮੇ ਗੁਰੂ ਗੋਵਿੰਦ ਸਿੰਘ ਜੀ ਨੇ ਸਿੰਘ ਪੰਥ ਨੂੰ ਸਾਧ ਅਤੇ ਸੂਰਬੀਰਤਾ ਦੇ ਉਪਦੇਸ਼ਾਂ ਨਾਲ ਸੰਬੋਧਨ ਕਰਦਿਆਂ ਕਿਹਾ:—

ਧੰਨ ਜੀਉ ਤਿਹ ਕੋ ਜਗਿ ਮੈ ਮੁਖ ਤੇ ਹਰਿ ਚਿੱਤ ਮੈਂ ਜੁਧ ਬਿਚਾਰੇ ॥
ਦੇਹ ਅਨਿੱਤ ਨ ਨਿੱਤ ਰਹੇ ਜਸ ਨਾਵ ਚੜ੍ਹੇ ਭਵਸਾਗਰ ਤਾਰੇ।
ਧੀਰਜ ਧਾਮ ਬਨਾਇ ਇਹੈ ਤਨ, ਬੁਧ ਸੁ ਦੀਪਕ ਜਿਉਂ ਉਜੀਆਰੇ।
ਗਿਆਨਹ ਕੀ ਬਢਨੀ ਮਨੋ ਹਾਥ ਲੈ ਕਾਤਰ ਤਾਂ ਕੁਤਵਾਰ ਬੁਹਾਰੇ।"

ਅਤੇ ਹੋਰ ਵੀ ਅਨੇਕਾਂ ਏਕਤਾ ਦੇ ਪ੍ਰਮਾਣ ਦਿਤੇ ਜੈਸੇ:—

ਕੋਊ ਭੈਯੋ ਮੁੰਡੀਆਂ ਸੁਨਆਸੀ ਕੋਊ ਯੋਗੀ ਭੈਯੋ,
ਕੋਊ ਬ੍ਰਹਮਚਾਰੀ ਕੋਊ ਜਤੀ ਅਨਮਾਨਬੋ।
ਹਿੰਦੂ ਔ ਤੁਰਕ ਕੋਊ ਹਾਫਜੀ ਇਮਾਮ ਸਾਫ਼ੀ,
ਮਾਨਸ ਕੀ ਜਾਤਿ ਸਭੈ ਏਕੈ ਪੈਹਚਾਨ ਬੋ।" ਆਦਿ।

ਇਸੀ ਸਿਧਾਂਤ ਨੂੰ ਗਿਆਰਵੇਂ ਗੁਰੂ ਬਾਲਕ ਸਿੰਘ ਜੀ ਨੇ ਗੁਪਤ ਰੂਪ ਵਿਚ ਪ੍ਰਚਾਰਿਆ। ਬਾਹਰਮੇਂ ਗੁਰੂ ਰਾਮ ਸਿੰਘ ਜੀ ਨੇ ਦਸਮੇਸ਼ ਦੇ ਵਾਕਾਂ ਅਨੁਸਾਰ—

ਮੈਂ ਫਿਰ ਕਰੂੰਗਾ ਖਾਲਸਾ ਵਸੇ ਵਿਚ ਪੰਜਾਬ;
ਅਤੇ ਕਲਜੁਗ ਮੈਂ ਸਤਿਜੁਗ ਵਰਤਾਊਂ,
ਤਬੈ ਬਾਹਰਵਾਂ ਬੱਪ ਕਹਾਊਂ।

ਹੋਰ ਰਾਮ ਸਿੰਘ ਮੇਰੋ ਹੋਇ ਨਾਮਾਂ ਬਾਢੀ ਸੁਤ ਭੈਣੀ ਕੋ ਧਾਮਾਂ।

ਪ੍ਰਗਟ ਹੋਕੇ ਡੁਬੀ ਜਾਂਦੀ ਸਿਖੀ ਨੂੰ ਮੁੜ ਜੀਵਨ ਦਾਨ ਦਿਤਾ। ੧੯੨੮ ਬਿਕਰਮੀ ਗੁਰੂ ਜੀਦੇ ਪ੍ਰਦੇਸ ਗਮਨ ਦੇ ਪਿਛੋਂ ਸ੍ਰੀ ਸਤਿਗੁਰੂ ਹਰੀ ਸਿੰਘ ਜੀ ਨੇ 'ਸੌ ਸਾਖੀ' ਦੀ ਲਿਖਤ ਹੈ।

"ਏਕ ਸਰੂਪ ਕੇ ਦੋਨੋਂ ਭੈਈਆ ਬਡੋ ਤੇਜ ਪ੍ਰਚੰਡ ਬਲੈਈਆ।
ਅਤੇ ਦੋਨੋਂ ਭੈਈਆ ਏਕ ਸਰੂਪ ਕਰ ਭਾਸੀ ਸਤਿਗੁਰੂ ਆਪ ਮੁਖੋਂ ਪ੍ਰਗਾਸੇ।"

ਗੁਰੂ ਰਾਮ ਸਿੰਘ ਜੀ ਦੀ ਜਗਾ ਤੇ ਨਾਮ, ਬਾਣੀ ਦਾ ਉਪਦੇਸ ਦੇ ਕਿ ਸੰਗਤ ਨੂੰ ਤਾਰਦੇ ਰਹੇ। ਗੁਰੂ ਹਰੀ ਸਿੰਘ ਜੀ ਦਾ ਦੇਹਾਂਤ-ਜੇਠ ਵਦੀ ੧੦ ਸੰ: ੧੯੬੩ ਸ਼ਨੀਵਾਰ ਸ਼ਾਮ ਦੇ ੫ ਬਜਕੇ ੫ ਮਿੰਟ ਤੇ ਹੋਇਆ। ਇਹਨਾਂ ਦੇ ਉਤ੍ਰਾਧਕਾਰੀ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਹੋਏ। [੧੭ ਵਰਸ਼ ਦੀ ਉਮਰ ਸੀ] ਜਿਉਂ ਹੀ ਹਜ਼ੂਰ ਨੇ ਕਾਰ ਸੰਭਾਲੀ, ਨਾਮ, ਬਾਣੀ ਸਿਮ੍ਰਣ, ਹੋਮ ਯਗ, ਪੂਜਾ, ਪਾਠ, ਆਦਿ ਮੁਖੀ ਕੰਮ ਸਨ, ਆਰੰਭ ਕੀਤੇ। ਸੰਗੀਤ ਗੁਰਬਾਣੀ ਕਾਵਯਾ ਆਦਿ ਪ੍ਰਭੂ ਦੀ ਰੂਹਾਨੀ ਖੁਰਾਕ ਸੀ। ਸਤਿਗੁਰ ਪ੍ਰਤਾਪ ਸਿੰਘ ਜੀਨੇ ਹੁਣ ਤਕ ਆਪਣੀ ਸਾਰੀ ਆਯੂ ਵਿਚ ੧੦ ਹਜ਼ਾਰ ਅਖੰਡ ਪਾਠ ਤੇ ੮ ਅਠ ਲੱਖ ਸਧਾਰਣ ਪਾਠਾਂ ਦੇ ਭੋਗ ਪਵਾਏ ਹਨ। ਦੇਸ਼ ਸੇਵਾ ਗਊ ਰਖਸ਼ਾ ਆਪਦਾ ਮੁਖ ਫਰਜ ਰਿਹਾ ਹੈ।

ਗਲ ਕੀ ਸਤਿਗੁਰੂ ਜੀ ਮਨੁਖ ਰੂਪ ਵਿਚ ਭਗਵਾਨ ਸਨ। ਸ਼ਾਸਤ੍ਰਾਂ ਨੁਸਾਰ ਛੇਲ ਲੱਛਣ ਪ੍ਰਭੂ ਭਗਵਾਨ ਦੇ ਹੁੰਦੇ ਹਨ ਜੈਸੇ ਗੁਰਬਾਣੀ ਹੈ। "ਖਟ ਲੱਖਣ ਪੂਰਨ ਪੁਰਖ" ਅਤੇ ਸੂਰਜ ਪ੍ਰਕਾਸ਼ "ਯੱਸ, ਏਸ੍ਵਰਯ, ਵੈਰਾਗ, ਉਦਾਰ, ਲੱਛਮੀਂ ਗਿਆਨ, ਸੁ ਪੂਰਣ ਧਾਰ, ਈਸ਼ਵਰ ਕੇ ਗੁਣ ਖੱਟ ਏ ਜਾਣ ਜਾਤੇ ਕੈਹੀਅਤ ਹੈ ਭ੍ਰਗਵਾਨ। ਏਹ ਸਾਰੇ ਲੱਛਣ ਸਤਿਗੁਰੂ ਪ੍ਰਤਾਪ ਸਿੰਘ ਜੀ ਵਿਚੋਂ ਪਾਏ ਜਾਂਦੇ ਸਨ।

ਗੁਰਮਤਿ ਸੰਗੀਤ ਸਮੇਲਨ—

੧੯੩੩ ਅੱਸੂ ਵਿਚ ਸ੍ਰੀ ਭੈਣੀ ਸਾਹਿਬ ਹੋਇਆ। ਇਸ ਵਿਚ ਤੰਤੀ ਸਾਜ਼ ਹੀ ਵਜਾਇਆ ਗਿਆ। ਹਾਰਮੋਨੀਯਮ ਨਹੀਂ ਅਤੇ ਗੁਰੂ ਬਾਣੀ ਵਿਚੋਂ ਜਿਸ ਰਾਗ ਦਾ ਸ਼ਬਦ ਹੋਵੇ ਉਸੇ ਰਾਗ ਵਿਚ ਹੀ ਗਾਇਆ ਗਿਆ। ਇਸ ਵਿਚ ਵਡੇ ਵਡੇ ਸੰਗੀਤ ਕਲਾਕਾਰਾਂ ਨੇ ਹਿਸਾ ਲਿਆ। ਅੱਵਲ ਨੰਬਰ ਨੂੰ ਸਤਿਗੁਰੂ ਜੀ ਵਲੋਂ ਇਕ ਵਧੀਆ ਘੋੜੀ ਤੇ ੫੦੦ ਰੁਪਿਆ ਨਗਦ ਇਨਾਮ ਭੇਟਾ ਕੀਤਾ ਗਿਆ। ਦੂਜੇ ਨੰਬਰ ਨੂੰ ੨੫ ਸੇਰ ਪਕੇ ਦੁਧ ਦੇਣ ਵਾਲੀ ਮਝ ਤੇ ੨੫੦ ਰੁਪਿਆ। ਤੀਜੇ ਨੰਬਰ ਨੂੰ ਮਿੰਟ ਗੁਮਰੀ ਨਸਲ ਦੀ ਗਊ ਤੇ ੧੦੦ ਰੁਪਿਆ। ਹੋਰ ਜਿਨਾਂ ਨੇ ਇਸ ਸਮੇਲਨ ਵਿਚ ਭਾਗ ਲਿਆ ਸੀ ਉਹਨਾਂ ਸਾਰਿਆਂ ਨੂੰ ਇਕ ਇਕ ਵਧੀਆ ਗਊ ਤੇ ਸਿਰੋ ਪਾਉ ਭੇਟਾ ਕੀਤੇ।—ਏਹ ਮੇਰੇ ਪ੍ਰਤੀਮ ਦੀ ਉਦਾਰਤਾ ਦਾ ਨਮੂਨਾ ਹੈ।

ਇਸ ਸੰਗੀਤ ਨੂੰ ਪਰਖਣ ਲਈ ਏਹੁ ਜਜ ਸਥਾਪਤ ਕੀਤੇ ਗਏ ਸਨ।

੧. ਭਾਈ ਕਾਹਨ ਸਿੰਘ ਜੀ ਨਾਭਾ। ੨. ਸ. ਮੁਕੰਦ ਸਿੰਘ ਜੀ ਰਈਸ਼ [ਸ਼ਿਮਲਾ] ੩. ਸੰਤ ਹੀਰਾ ਸਿੰਘ ਜੀ ਰਾਗੀ ਲੰਮੇ ਜਗੀਰ, ੪. ਬਾਬਾ ਨਿਹਾਲ ਸਿੰਘ ਜੀ ਪਟਿਆਲਾ।

ਗੁਰੂ ਨਾਨਕ ਸ੍ਰਬ ਸੰਪਰਦਾਇ ਕਾਨਫਰੰਸ—

੧੯੩੪ ਵਿਚ ਸ੍ਰੀ ਭੈਣੀ ਸਾਹਬ ਹੋਈ, ਜਿਸ ਵਿਚ ਖੇਰੂ ਖੇਰੂ ਹੋਇਆਂ ਪੰਥ ਮੁੜ ਇਕ ਸਟੇਜ਼ ਤੇ ਇਕਠਾ ਕੀਤਾ। ਇਸ ਕਾਨਫਰੰਸ ਦੇ ਪ੍ਰਧਾਨ ਹਿੱਜ਼ ਹੋਲੀਨੈਸ ਭਾਈ ਅਰਜਣ ਸਿੰਘ ਜੀ ਬਾਗੜੀਆ ਸਨ।

ਹਿੰਦੂ, ਸਿਖ, ਮੁਸਲਿਮ ਕਾਨਫਰੰਸ ਵੀ ਸ੍ਰੀ ਭੈਣੀ ਸਾਹਿਬ ਕੀਤੀ ਕਿਉਂਕਿ ਗੁਰੂ ਸਭ ਦੇ ਸਾਂਝੇ ਹੁੰਦੇ ਹਨ। ਅਤੇ ਸਭ ਦਾ ਭਲਾ ਚਾਹਕ, ਗੁਰਬਾਣੀ 'ਚ ਲਿਖਿਆ ਹੈ। ਬ੍ਰਾਹਮਣ, ਖ਼ੱਤ੍ਰੀ, ਸੂਦ, ਵੈਸ਼, ਉਪਦੇਸ਼ ਚੌਂਹ ਵਰਨਾਂ ਕਉ ਸਾਂਝਾ। ਤੇ ਪੁਥਾਈ ਸਾਖੀ ਮਹਾਂ ਪੁਰਖ ਬੋਲਦੇ ਸਾਂਝੀ

ਸਗਲ ਜਹਾਨੈ । ਅਰਦਾਸ ਮਗਰੋਂ ਵੀ ਸਿਖ ਧਰਮ ਵਿਚ ਕਹਿਣ ਦੀ ਰੀਤ ਹੈ। ਨਾਨਕ ਨਾਮ ਚੜ੍ਹਦੀ ਕਲਾ ਤੇਰੇ ਭਾਣੇ ਸਰਬਤ ਕਾ ਭੱਲਾ। ਜਿਸ ਵਿਚ ਕੁਲ ਪ੍ਰਾਣੀਆਂ ਆ ਜਾਂਦੀਆਂ ਹਨ।

ਯੱਗ ਹਵਨ ਸ੍ਰੀ ਭੈਣੀ ਸਾਹਿਬ—

੧੯੩੮ ਈਸਵੀ ਜਿਸਨੇ ਅੱਖੀਂ ਡਿੱਠਾ ਉਸਨੂੰ ਕਲਜੁਗ ਭੁਲ ਗਿਆ ਤੇ ਸਤਿਜੁਗ ਸਚ ਮੁਚ ਸਤਿਜੁਗ ਹੀ ਅਖਾਂ ਅਗੇ ਮੂਰਤੀ ਮਾਨ ਹੋ ਗਿਆ। ਲਿਖਿਆ ਹੈ ਕਿ—ਧੂਪ ਸੁਗੰਧਤ ਸਮੱਗਰੀ ਤਾਂ ਹੈ ਹੀ ਸੀ। ਨਾਲ ਸ਼ੁਧ ਗਊ ਦੇ ਘਿਉ ਦੀ ਅਹੂਤੀ ਵੀ ਆਪਣੇ ,ਆਪ ਤਾਂਬੇ ਦੀ ਨਾਲੀ [ਪਾਈਪ] ਥਾਣੀ ਪੈ ਰਹੀ ਸੀ ਤੇ ਦੁਆਲੇ ੨੫੦ ਰਿਸ਼ੀ ਸੰਤ ਬੈਠੇ ਦਸਮੇਸ਼ ਦੀ ਉਚਾਰਣ ਚੰਡੀ ਦੀ ਵਾਰ ਦਾ ਪਾਠ ਕਰ ਰਹੇ ਸਨ। ਹਜ਼ਾਰਾਂ ਭਾਗਵਾਨ ਲੋਕਾਂ ਨੇ ਇਹੁ ਦ੍ਰਿਸ਼ ਤਕਿਆ। ਏਸੇ ਹਮਨ ਸਦਕਾ ਲਾਹੌਰ ਦਾ ਬੁਚੜ ਖਾਨਾ [ਜਿਥੇ ਗਊ ਬੱਧ ਹੋਣਾ ਸੀ] ਬੰਦ ਹੋ ਗਿਆ ਜਦ ਹੋਮਦੀ ਆਖਰੀ ਅਹੂਤੀ ਪਾਈ ਗਈ। ਕੀ ਹਿੰਦੂ ਕੀ ਮੁਸਲਮਾਨ ਸਿਖ ਸਤਿਗੁਰੂ ਦੀ ਜੀ ਪ੍ਰਸੰਸਾ ਕਰਦੇ ਨਾ ਰਜਦੇ ਸੀ। ਸਹੀ ਕਰਮ ਮਰਯਾਦਾ ਕਰਨ ਨਾਲ ਲੋਕਾਂ ਦੇ ਬੁਰੇ ਖਿਆਲ ਬਦਲ ਜਾਂਦੇ ਹਨ।

ਤਿਆਗੀ ਪਾਤਸ਼ਾਹ

ਸੰ: ੧੯੪੩ ਵਿਚ ਇਕ ਹੋਰ ਹਿੰਦੂ, ਸਿਖ, ਮੁਸਲਮ ਕਾਨਫਰੰਸ ਸੇਠ ਜੁਗਲ ਕਸ਼ੋਰ ਬਿਰਲਾ ਦੀ ਪ੍ਰਧਾਨਗੀ ਹੇਠ ਹੋਈ। ਸੇਠ ਜੀ ਨੇ ਸਤਿਗੁਰੂ ਜੀ ਨੂੰ ੧ ਲੱਖ ਰੁਪਇਆ ਭੇਟਾ ਦੇਣਾ ਚਾਹਿਆ। ਹਜ਼ੂਰ ਨੇ ਪ੍ਰਵਾਨ ਨਾ ਕਰਦਿਆਂ ਕਿਹਾ ਕਿ ਸਾਨੂੰ ਗਰੀਬ ਸਿਖਾਂ ਦਾ ਪੈਸਾ ਹੀ ਇਸ ਨਾਲੋਂ ਵਧ ਮਹਾਨਤਾ ਭਰਿਆ ਹੈ। ਫਿਰ ਸੇਠ ਜੀ ਨੇ ਵਿਚਾਰ ਪ੍ਰਗਟ ਕੀਤੇ ਕਿ ਜੇ ਦੋ ਤਿੰਨ ਲੱਖ ਰੁਪਇਆ ਖਰਚ ਕਰਕੇ ਭੈਣੀ ਸਾਹਿਬ ਪਕੇ ਮੰਦਰ ਬਣਾ ਦਿਤੇ ਜਾਣ । ਹਜ਼ੂਰ ਜੀਨੇ ਫੁਰਮਾਇਆ, ਕਿ ਪੱਕੇ ਮੰਦਰਾ ਨਾਲੋਂ ਮੈਨੂੰ ਕਚਿਆਂ ਤੇ ਬਹੁਤ ਮਾਣ ਹੈ, ਕਿਉਂਕਿ ਏਹ ਮੇਰੇ ਸਤਿਗੁਰ ਚੀਨੀ ਵਾਲੇ ਦੇ ਹਥਾਂ ਨਾਲ ਤੇ ਸਤਿਗੁਰੂ ਹਰੀ ਸਿੰਘ ਜੀ ਦੀ ਨ੍ਰਿਮਾਣਤਾ ਨਾਲ ਤਿਆਰ ਬਣੇ ਹੋਇ ਹਨ। ਸੁਰਮਾਏਦਾਰਾਂ ਦੇ ਸੋਨੇ ਦੇ ਮੰਦਰਾ ਨਾਲੋਂ ਇਹੁ ਕੱਚੀਆਂ ਛਪਰੀਆਂ ਬੜ ਮੁਲੀਆਂ ਹਨ। ਇਸ ਲਈ ਸੇਠ ਜੀ ਮੇਰੇ ਸਤਿਗੁਰੂ ਦੀ ਸਾਦਗੀ ਦੀ ਸ਼ਾਨ ਨੂੰ ਮੰਦਰਾਂ ਤੋਂ ਕੁਰਬਾਨ ਕਰਨਾ ਨਹੀਂ ਚਾਹੁੰਦਾ।

ਪੰਜਾਬੀ ਕਾਨਫਰੰਸ—

੧੯੪੨ ਵਿਚ ਸ. ਬਲਦੇਵ ਸਿੰਘ ਜੀ ਪ੍ਰਧਾਨਗੀ ਹੇਠ ਸ੍ਰੀ ਭੈਣੀ ਸਾਹਿਬ ਹੋਈ। ਦੂਸਰੀ ੧੯੫੯ ਵਿਚ ਸਃ ਪ੍ਰਤਾਪ ਸਿੰਘ ਜੀ ਕੈਰੋਂ ਦੀ ਪ੍ਰਧਾਨਗੀ ਥਲੇ ਹੋਈ।

ਪਸ਼ੂ ਪਾਲਣ—

ਸਤਿਗੁਰੂ ਪ੍ਰਤਾਪ ਸਿੰਘ ਜੀ ਦਾ ਪਸ਼ੂ ਪਾਲਣ ਵੀ ਇਕ ਵਿਸ਼ੇਸ਼ ਮਹਾਨਤਾ ਭਰਿਆ ਹੈ। ਸਾਰੇ ਹਿੰਦੁਸਤਾਨ ਦੀ ਪਸ਼ੂ ਪ੍ਰਦਰਸ਼ਣੀ ਵਿਚੋਂ ਹਜ਼ੂਰ ਦੀਆਂ ਗਾਈਆਂ ਨੇ ਅੱਬਲ ਨੰਬਰ ਦੇ ਇਨਾਮ ਪ੍ਰਾਪਤ ਕੀਤੇ। ਸਤਿਗੁਰੂ ਜੀ ਨੇ ਜੋ ਪਸ਼ੂਆਂ ਦੀ ਨਸਲ ਸੁਧਾਰਨ ਵਿਚ ਕਾਮਯਾਬੀ ਹਾਸਲ ਕੀਤੀ ਹੈ, ਉਸਦਾ ਭਾਰਤ ਵਿਚ ਪਹਿਲਾ ਰੀਕਾਰਡ ਹੈ। ਸਤਿਗੁਰੂ ਜੀ ਦੇ ਕੀਤੇ ਕੰਮਾਂ ਦੀ ਪੂਰੀ ਵਾਕਬੀ ਜਾਨਣ ਲਈ ਨਾਮਧਾਰੀ ਲਿਟਰੇਚਰ ਪੜ੍ਹੋ। ਏਥੇ ਮੈਂ ਹਜ਼ੂਰ ਦੇ ਕੇਹੜੇ ਕੇਹੜੇ ਗੁਣ ਦਸਾਂ—ਕੇਵਲ।

ਤੇਰੇ ਕ੍ਵਨ ਕਵਨ ਗੁਣ ਗਾਵਾਂ ਤੂੰ ਸਾਹਿਬ ਗੁਣੀ ਨਿਧਾਨਾ।
ਤੁਮਰੀ ਮਹਿਮਾਂ ਵਰਨਨ ਸਾਕੂ ਤੂੰ ਠਾਕਰ ਊਚ ਭਗਵਾਨਾ।

ਹੋਲਾ ਪੁਰਬ—

ਗੁਰੂ ਗੋਬਿੰਦ ਸਿੰਘ ਜੀ ਤੋਂ ਬਾਦ ਹੋਲੇ ਦੀ ਮਹਤਤਾ ਨਾਮਧਾਰੀਆਂ ਵਿਚ ਬੜੀ ਉੱਚੀ ਤੇ ਪਵਿਤ੍ਰ ਮੰਨੀ ਗਈ ਹੈ। ਹੋਲੇ ਨੂੰ ਮੁੜ ਸੁਰਜੀਤ ਕਰਨ ਵਾਲੇ ਸਤਿਗੁਰੂ ਰਾਮ ਸਿੰਘ ਜੀ ਹਨ। ਹਜ਼ੂਰ ਦੇ ਪ੍ਰਦੇਸ਼ ਗਮਨ ਦੇ ਪਿਛੋਂ ਸਤਿਗੁਰੂ ਹਰੀ ਸਿੰਘ ਜੀ ਨੇ ਹੋਲੇ ਦੀ ਛੱਬ ਨੂੰ ਹੋਰ ਵੀ ਚਾਰ ਚੰਨ ਲਾਏ। ਇਹਨਾਂ ਦੇ ਸਚ ਖੰਡ ਪਧਾਰਨ ਤੇ ਬਾਦ, ਸਤਿਗੁਰੂ ਪ੍ਰਤਾਪ ਸਿੰਘ ਜੀ ਨੇ, ਜੋ ਹੋਲੇ ਨੂੰ ਰੰਗਤ ਦਿਤੀ ਹੈ ਉਹ ਕਿਸੇ ਗੁਰ ਸਿਖ ਸ਼ਰਧਾਲੂ ਤੋਂ ਗੁਝੀ ਨਹੀਂ। ਹਜ਼ੂਰ ਸਾਰੇ ਮੇਲਿਆਂ ਨਾਲੋਂ ਹੋਲੇ ਨਾਲ ਬਹੁਤ ਦਿਲਚਸਪੀ ਰਖਦੇ ਸਨ। ਜਿਸਨੂੰ ਸੁਹਾਵਣਾ ਕਰਨ ਹਿਤ ਹਜਾਰਾਂ ਹੀ ਸਾਧਾਰਣ, ਤੇ ਅੰਖਡ ਪਾਠਾਂ ਦੇ ਭੋਗ, ਚੰਡੀ ਦੀ ਵਾਰਾਂ ਦੇ ਪਾਠ ਹਮਨ ਆਦਿ ਵਿਵਾਹ ਸ਼ਾਦੀਆਂ ਇਕ ਇਕ ਮੇਲੇ ਤੇ ੧੦੦ ਸੌ ਸੌ ਤੋਂ ਵਧ ਹੁੰਦੀਆਂ ਸਨ। ਇਸ ਤੋਂ ਅਲਾਵਾ ਸੰਗੀਤ, ਕਵੀ ਦਰਬਾਰ ਅਤੇ ਹੋਰ ਪੰਥ ਉਸਾਰੂ ਮਾਮਲੇ ਬਿਹਾਰ ਸੁਧਾਰ ਆਦਿ ਇਸ ਮੇਲੇ ਦੀ ਸ਼ਾਨੋਂ ਸ਼ੌਕਤ ਹੁੰਦੇ ਸਨ।

ਸਿਖ ਪੰਥ ਨੂੰ ਹਰ ਥਾਂ ਸੁਰਜੀਤ ਰਹਿਣ ਹਿਤ ਹੀ ਸੱਚੇ ਪਾਤਸ਼ਾਹ ਜੀ ਨੇ ਪ੍ਰਦੇਸਾਂ ਵਿਚ ਵੀ ਐਡੇ ਵਡੇ ਪਰੋਗਰਾਮ ਕੀਤੇ ਹਨ। ਸਤਿਗੁਰੂ ਜੀ ਨੇ ਆਪਣੇ ਜੀਵਨ ਦਾ ਆਖਰੀ ਹੋਲਾ ੧੯੫੯ ਮਾਰਚ ੨੩, ੨੪, ੨੫, ੨੬ ਨੂੰ ਈਸਟ ਅਫਰੀਕਾ ਦੇ ਸ਼ੈਹਰ ਕੰਪਾਲਾ [ਯੁਗੰਡਾ] ਵਿਚ ਕੀਤਾ, ਏਥੇ ਵੀ ੧੫੩, ਸਧਾਰਨ ਪਾਠਾਂ ਦੇ ਭੋਗ ਪਾਏ ਗਏ। ਤਿੰਨ ਦਸਮ ਗਰੰਥ ਦੇ ਭੋਗ ਪਾਏ। ਵਿਧੀ ਪੂਰਬਕ ਹੋਮ ਕੀਤਾ। ਨੈਰੋਬੀ ਵਿਖੇ ਅਠ ਅਨੰਦ ਕਾਰਜ ਹਜ਼ੂਰ ਦੇ ਸਨਮੁਖ ਹੋਏ। ਹੋਲੇ ਤੇ ਸੰਗੀਤ ਅਤੇ ਕਵੀ ਦਰਬਾਰ ਵੀ ਹੋਇਆ। ਸਾਰੇ ਕਵੀਆਂ ਰਾਗੀਆਂ ਨੂੰ ਸਤਿਗੁਰੂ ਜੀਨੇ ਆਪਣੇ ਪਵਿਤ੍ਰ ਹਸਤ ਕਮਲਾਂ ਨਾਲ ਸਿਰੋਪਾਓ ਅਤੇ ਮਾਇਆ ਇਨਾਮ ਦੇ ਤੌਰ ਭੇਟਾ ਕੀਤੀ। ਏਸੇ ਹੀ

ਮੇਲੇ ਤੇ ਪ੍ਰੀਤਮ ਸਿੰਘ ਜੀ ਮੰਬਾਲੀ [ਭਾਰਤ ਵਿਚ ਪਿੰਡ ਲਿੱਤ੍ਰਾਂ-ਜਲੰਧਰ] ਨੂੰ ਯੁਗੰਡੇ ਦਾ ਸੂਬਾ ਅਸਥਾਪਨ ਕੀਤਾ ਅਤੇ ਈ. ਏ. ਨਾਮਧਾਰੀ ਸੰਗਤ [ਹੈਡਆਫ਼ਸ] ਨੈਰੋਬੀ ਦੀ ਪ੍ਰਬੰਧਕ ਕਮੇਟੀ ਦੀ ਮੁੜ ਨਵੀਂ ਬਣਤਰ ਬਣਾਈ। ੨੭ ਮਾਰਚ ੧੯੫੯ ਨੂੰ ਜੀਂਜੇ ਯੁਗੰਡੇ ਵਿਖੇ ਸਤਿਗੁਰ ਪ੍ਰਤਾਪ ਸਿੰਘ ਜੀ ਮਹਾਰਾਜ ਦਾ ੭੦ਵਾਂ ਪ੍ਰਕਾਸ਼ ਉਤਸ਼ਵ ਵੀ ਮਨਾਇਆ ਗਿਆ।

ਸਤਿਗੁਰੂ ਜੀ ਵਡੇ ਵਡੇ ਸੰਗੀਤ ਮਾਹਰਾਂ ਤੋਂ ਵਿਸ਼ੇਸ਼ ਤ੍ਰੀਬ ਬੁਧੀ ਰਖਦੇ ਸਨ। ਹਜ਼ੂਰ ਦੇ ਗਿਆਨ ਦਾ ਅੰਦਾਜ਼ਾ ਲਾਉਣਾ ਬ੍ਰਹੰਮ ਗਿਆਨੀ ਸਵਛ ਆਤਮਾ ਤੇ ਹੀ ਨਿਰਭਰ ਹੈ। ਜਿਮੇ ਆਦਮੀ ਤੀਵੀਂ ਦੀ ਪੈਹਚਾਣ ਕਰ ਲਈ ਦੀ ਹੈ। ਇਸਤਰ੍ਹਾਂ ਹਜ਼ੂਰ ਰਾਗ ਅਤੇ ਰਾਗਣੀ ਦੀ ਪਰਖ ਜਾਣਦੇ ਸਨ। ਪ੍ਰਭੂ ਦਾ ਸੁਰ-ਤਾਲ ਗਿਆਨ ਬੜਾ ਸ਼ੁਧ ਸੀ। ਗੁਰੂ ਜੀ ਤਾਰਦਾਰ ਸਾਜ਼ ਤੇ ਧਰਮੋਦ ਦੇ ਗਾਇਕ ਨੂੰ ਬਹੁਤਾ ਪਸੰਦ ਕਰਦੇ ਸਨ। ਸੰਸਾਰ ਤੇ ਚੌਦਾਂ ਵਿਦਆਵਾਂ ਹਨ। ਏਹ ਸਭਿ ਸਤਿਗੁਰੂ ਜੀ ਦੇ ਅਧੀਨ ਸਨ। ਇਸ ਲਈ ਹਰੇਕ ਸਿਖ ਆਪਣੀ ਕਾਮਨਾ ਅਨੁਸਾਰ ਪ੍ਰਮ ਪ੍ਰਖੋਤਮ ਨੂੰ ਭਿੰਨ ੨ ਰੂਪਾਂ ਵਿਚ ਖਿਆਲ ਕਰਦੇ ਸਨ। ਜੈਸੇ—'ਕੋਈ ਇਸਿ ਰਾਗੀ ਕਹੇ ਕੋਈ ਕਹੇ ਤਿਆਗੀ ਨਾਥ, ਕੋਈ ਵੈਦ ਕਹੇ ਕੋਈ ਪੰਡਤ ਵਖਾਨ ਹੈ। ਕੋਈ ਕਹੇ ਯੋਧਾ ਕੋਈ ਰਾਜਾ ਕੋਈ ਸਾਧ ਕਹੇ, ਕੋਈ ਕਵੀ ਗਿਆਨੀ ਏ, ਧਿਆਨੀ ਅਨੁਮਾਨ ਹੈ। ਕੋਈ ਜਤੀ, ਸਤੀ, ਕੋਈ ਸੰਤ ਕਹੇ ਗੁਰੂ ਬਾਬਾ, ਕੋਈ ਕਹੇ ਦੇਵਤਾ ਪ੍ਰਤਾਪ ਤੇਜ ਭਾਂਨ ਹੈ। ਕਿਸੇ ਕਿਸੇ ਅੱਖ ਨੇ ਪਛਾਤਾ ਓਹੁ ਸਚ ਮੁਚ 'ਕੰਵਲ' ਨੇ ਸੀ ਜਾਣਿਆਂ ਅਕਾਲ ਮੇਹਰਬਾਨ ਹੈ। ਹੁਣ ਭਾਵੇਂ ਸਤਿਗੁਰੂ ਪ੍ਰਤਾਪ ਸਿੰਘ ਜੀ ਮਹਾਰਾਜ ਸਾਡੇ ਵਿਚ ਦੇਹ ਕਰਕੇ ਮੌਜੂਦ ਨਹੀਂ ਪਰੰਤੂ ਓਨਾਹ ਦੇ ਪਵਿਤ੍ਰ ਉਪਦੇਸ਼ ਤਾਂ ਸਾਡੇ ਨਾਲ ਸਦਾ ਹੀ ਉਹਨਾਂ ਦੀ ਯਾਦ ਤਾਜਾ ਕਰੌਣ ਵਿਚ ਸਹਾਈ ਹੁੰਦੇ ਰਹਿਣਗੇ।

'ਬਾ-ਬਾਬਾਣੀ ਕਹਾਣੀਆਂ ਪੁਤ ਸਪੁਤ ਕਰੇਣ' ਦੇ ਮਹਾਂ ਵਾਕ ਨੂੰ ਮੁਖ ਰਖਕੇ ਹੀ ਈਸਟ ਅਫਰੀਕਾ ਦੀ ਨਾਮਧਾਰੀ ਸੰਗਤ ਨੇ ਏਹੁ ਭਾਰੀ ਮੇਲਾ ਕਰਨ ਦਾ ਉਦਮ ਕੀਤਾ ਹੈ।

੨੨-੨੩ ਅਗਸਤ ੧੯੫੯ ਦੀ ਅੱਧੀ ਰਾਤ ਸ਼ਨੀਚਰਵਾਰ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਮਹਾਰਾਜ ਦੇ ਸਚਖੰਡ ਪਿਆਨ ਕਰਨ ਤੇ ਬਾਦ, ਸਤਿਗੁਰੂ ਜਗਜੀਤ ਸਿੰਘ ਜੀ ਮਹਾਰਾਜ (ਬੜੇ ਸਾਹਿਬਜਾਦੇ) ੧੦ ਸਤੰਬਰ ੧੯੫੯ ਨੂੰ ਸ੍ਰੀ ਭੈਣੀ ਸਾਹਿਬ ਵਿਖੇ ਲੱਖਾਂ ਸਿੱਖ ਸਰਧਾਲੂ ਨਾਮਧਾਰੀਆਂ ਅਤੇ ਹੋਰ ਪਤਵੰਤਿਆਂ ਦੀ ਹਾਜਰੀ ਵਿਚ, ਗੁਰ ਗਦੀ ਤੇ ਸਸ਼ੋਭਤ ਹੋਏ, ਤੇ ਸਿਖ ਪੰਥ ਦੀ ਬਾਗ ਡੋਰ ਹਥਾਂ ਵਿਚ ਲੈਕੇ, ਉਸੇ ਤਰ੍ਹਾਂ ਹੀ ਕਾਰ ਨਿਭਾ ਰਹੇ ਹਨ। ਨਾਮਧਾਰੀ ਪੰਥ ਨੂੰ ਜ਼ਰਾ ਜਿਹਨਾਂ ਵੀ ਹਲੂਣਾ ਨਹੀਂ ਲਗਣ ਦਿਤਾ। ਧੰਨ ਧੰਨ ਸਤਿਗੁਰੂ ਜਗਜੀਤ ਸਿੰਘ ਜੀ ਮਹਾਰਾਜ।

ਈਸਟ ਅਫਰੀਕਨ ਨਾਮਧਾਰੀ ਸੰਗਤ ਵਲੋਂ

ਹੋਲੇ ਅਤੇ

ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਮਹਾਰਾਜ ਦੇ

ਪ੍ਰਕਾਸ਼ ਉਤਸ਼ਵ ਤੇ ਸੰਖੇਪ ਪਰੋਗਰਾਮ

ਇਸ ਮੇਲੇ ਤੇ ਈਸਟ ਅਫਰੀਕਾ ਦੇ 'ਸੰਗੀਤ ਕਾਰ' ਤੇ ਕਵੀ ਬੁਲਾਏ ਜਾ ਰਹੇ ਹਨ

੧੨ ਮਾਰਚ ਸ਼ਨੀਚਰਵਾਰ ਸ਼ਾਮ

੭ ਵਜੇ ਤੋਂ ਸੰਗੀਤ ਦਾ ਅਰੰਭ ਛੋਟੇ ਬੀਬੀਆਂ ਬੱਚਿਆਂ ਦੇ ਪ੍ਰਾਰਥਨਾਂ ਦੇ ਸ਼ਬਦ ਨਾਲ ਅਰੰਭ ਹੋਵੇਗਾ।

੧੩ ਮਾਰਚ ਐਤਵਾਰ

ਸਾਰਾ ਦਿਨ ਸੰਗੀਤ ਦਰਬਾਰ ਰਹੇਗਾ ਰਾਤ ਨੂੰ ਸੂਬਾ ਪ੍ਰੀਤਮ ਸਿੰਘ ਜੀ ਮੰਬਾਲੀ ਵਾਲਿਆਂ ਦੇ ਪਵਿਤ੍ਰ ਕਰ ਕੰਮਲਾ ਨਾਲ ਸਭ ਨੂੰ ਸਿਰੋਪਾਓ ਭੇਟਾ ਕੀਤੇ ਜਾਣਗੇ।

੧੪ ਮਾਰਚ ਸੋਮਵਾਰ

ਦਿਨੇ ਨਾਮਧਾਰੀ ਇਸਤ੍ਰੀ ਸਤਿਸੰਗ ਹੋਵੇਗਾ ਤੇ ਰਾਤ ਨੂੰ ਕਵੀ ਦਰਬਾਰ ਜੋ ਹਿੰਦ ਕਵੀ ਮੰਡਲ ਵਲੋਂ।
ਸਮਸਿਆ ਹੈ। "ਖੇਲੀਆਂ ਸੀ ਹੋਲੀਆਂ"

੧੫ ਮਾਰਚ ਮੰਗਲਵਾਰ

ਦਿਨੇ ਈਸਟ ਅਫਰੀਕਾ ਦੀਆਂ ਨਾਮਧਾਰੀ ਸੰਸਥਾਵਾਂ ਪੰਥ ਉਨਤੀ ਹਿਤ ਵਿਚਾਰਾਂ ਕਰਨਗੀਆਂ । ਅਤੇ ਰਾਤ ਨੂੰ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ੧੯੫੮ ਦੇ ਦੌਰੇ ਦੀ ਰੰਗੀਨ ਫਿਲਮ ਦਿਖਾਲੀ ਜਾਵੇਗੀ ।

੧੬ ਮਾਰਚ ਬੁਧਵਾਰ

ਸੰਗਤ ਵਲੋਂ ਕੀਤੇ ਅਖੰਡ ਪਾਠ ਤੇ ਸਧਾਰਣ ਪਾਠਾਂ ਦੇ ਭੋਗ ਪਾਏ ਜਾਣਗੇ । ਚੰਡੀ ਦੇ ਪਾਠ ਤੇ ਹਮਨ ਵੀ ਹੋਵੇਗਾ । ਇਸ ਦਿਨ ਨੈਰੋਬੀ ਦੀਆਂ ਸਾਰੀਆਂ ਇਸਤ੍ਰੀ ਸਭਾਵਾਂ ਦਰਸ਼ਣ ਦੇਣਗੀਆਂ ।

ਸਮਸਿਆ—ਤੇਰਾ ਪ੍ਰਤਾਪ ਹੈ ਅੱਜ ।

ਪੂਰਾ ਪਰੋਗਰਾਮ ਅਲੱਗ ਛਪੇਗਾ ।

ਨੋਟ—ਇਸ ਸੰਗੀਤ ਵਿਚ ਤਬਲਾ ਤੰਗ "ਜਲਤੰਗ" ਸੀਸ਼ਾ ਤੰਗ ਹੋਰ ਕੋਈ ਕਿਸਮ ਦੇ ਅਲੌਕਕ ਚਰਿਤਰ ਦਿਖਾਏ ਜਾਣਗੇ ।

੨. ਬਾਹਰੋਂ ਆਏ ਰਾਗੀਆਂ ਤੇ ਕਵੀਆਂ ਅਤੇ ਹੋਰ ਪਟੌਣਿਆਂ ਲਈ ਰਹੈਸ਼ ਤੇ ਭੋਜਨ ਦਾ ਬੰਦੋਬਸਤ ਕੀਤਾ ਜਾਵੇਗਾ । ਬਿਸਤਰੇ ਲੋੜ ਅਨੁਸਾਰ ਲਈ ਆਉਣੇ । ਅਤੇ ਆਉਣ ਦੀ ਖਬਰ ਨਾਮਧਾਰੀ ਧਰਮ ਸਾਲਾ ਵਿਚ ਸਕੱਤ੍ਰ ਨੂੰ ਪਚੌਣ ।

ਪ੍ਰਾਰਥਕ—
ਸਾਧ ਸੰਗਤ ਦਾ ਸੇਵਾਦਾਰ
ਫੁਮਣ ਸਿੰਘ ਕੰਵਲ
ਜਨਰਲ ਸਕੱਤ੍ਰ ਈ: ਏ: ਨਾਮਧਾਰੀ ਸੰਗਤ ਨੈਰੋਬੀ

ਦੂਜੇ ਸਫੇ ਦੀ ਬਾਕੀ

੪. ਰਾਗ ਦੀਪਕ ਪ੍ਰਵਾਰ

ਚੌਥਾ ਰਾਗ ਦੀਪਕੁ ਜੋ ਦੀਪਕ ਪ੍ਰਕਾਸ ਕਰੇ । ਪਾਚ ਨਾਰੀ ਆਠ ਸੁੱਤਿ ਕਰਨ ਉਜਾਲਰਾ ॥
ਕਾਛੇਲੀ, ਪਟਮੰਜਰੀ, ਟੋਡੀ, ਔ ਕਾਮੋਦੀ, ਸਾਥ । ਗੁਜਰੀ ਭੀ ਨਾਲ ਮਿਲ ਕਰੇ ਬਚ ਪਾਲਰਾ ॥
ਸੁਧਾਰ ਕੈਹ ਆਠ ਪੁੱਤ ਦੀਪਕ ਕੇ ਕਵੀ ਜਨ, । ਕਰੇ ਮੰਨ ਰੰਜਨ ਜਿਯੋ ਅੰਜਨ ਅਖਾਂਲਰਾ ॥
ਕਾਲੰਕਾ, ਕੁੰਤਲ, ਕੰਮਲਕੁਸਮ, ਚੰਪਕ ਰਾਮਾ, । ਗੌੜਾ, ਕੱਲਜਾਨਾ, ਅਤੇ ਕਾਨੜਾ ਉਛਾਲਰਾ ॥

੫. ਰਾਗ ਸ੍ਰੀ ਰਾਗ ਪ੍ਰਵਾਰ

ਪਾਂਚਵਾ ਜੋ ਸਿਰੀ ਰਾਗ, ਰਾਗਨ ਮੈਂ ਸ਼ੁਭ ਜਾਨ । ਪਾਂਚ ਨਾਰੀ ਆਠ ਸੁੱਤਿ ਸੁੰਦਰ ਸੁਹਾਵਣੀ ॥
ਨਾਟੀ, ਤੇ ਬੈਰਾੜੀ, ਗਉੜੀ, ਆਸਾਵਰੀ ਸਿੰਧਵੀ ਹੈ । ਖੈਂਚ ਲੇਤ ਮੰਨ ਆਵੈ ਠੀਕ ਜਿਸੇ ਗਾਵਣੀ ॥
ਆਠ ਸਿਰੀ ਰਾਗ ਕੇ ਵਿਚਾਰ ਕਹੇ ਸੁਤਿ ਸਭ, । ਗਾਏ ਜਾਣ ਨਾਲ, ਚਾਰ, ਤਿੰਨ ਤਾਰ ਲਾਵਣੀ ॥
ਸਾਲੂ, ਅਤੇ ਸਾਰੰਗ, ਜੋ ਸਾਗਰਾ, ਭੀ ਗੌਂਡ, ਕੁੰਭ, । ਗੁੰਡ ਤੇ ਗੰਭੀਰ ਹੈ ਹਮੀਰ ਭੀ ਮਿਲਵਣੀ ॥

੬. ਰਾਗ ਮੇਘ ਪ੍ਰਵਾਰ

ਛੱਠਾ 'ਮੇਘ ਰਾਗ' ਜਾਕੋ ਨਾਦ ਤੀਨ ਲੋਕ ਸੁਣੇ । ਐਸੇ ਪਾਂਚ ਨਾਰੀ ਆਠ ਸੁਤਿ ਮਨ ਭਾਯੋ ਹੈ ॥
'ਸੋਰਠ' 'ਸੁਹਾਵਣੀ' ਹੈ 'ਗੌਂਡ' ਤੇ 'ਮਲ੍ਹਾਰਾ' ਨਾਲ । 'ਆਸਾ' ਅਤੇ 'ਸੂਹੀ' ਨਾਲ ਸ੍ਵਰ ਕੇ ਮਿਲਾਯੋ ਹੈ ॥
ਭਿੰਨ ਭਿੰਨ ਪੁੜ੍ਹੇ ਕੇ ਨਾਮ ਕਾ ਵਖਾਂਣ ਕਰ । ਯਾਕੇ ਮੌਤਿ ਭੇਦ ਚਿੰਤ ਖੋਲਕੇ ਦਿਖਾਯੋ ਹੈ ॥
ਕੇਦਾਰਾ, ਨੱਟ, ਬੈਰਾਧਰ, ਜਬਲੀਧਰ, ਗਜਧਰ, ਜਲਧਾਰਾ, ਸ਼ੰਕਰ, ਸਿਯਾਮ, ਰੰਗ ਬ੍ਰਹੰਮ ਕੋ ਦਿਖਾਯੋ ਹੈ ॥

ਕੁੰਡਲੀ-ਛੰਦ

ਛੇਇ ਰਾਗ ਤੀਹ ਰਾਗਣੀ ਸ਼ੋਤਿ ਅਠਤਾਲੀ ਜਾਣ ॥
ਚਓਰਾਸੀ ਸਿੱਧ ਹੈ ਸਭੀ ਕਵਜਨ ਕਰਤ ਵਖਾਣ ॥
ਕਵ ਜਨ ਕਰਤ ਵਖਾਣ ਸ੍ਵਰ ਹੈ ਇਨਕੇ ਭਿੰਨ ਭਿੰਨ ॥
ਤਾਲ ਇਕ, ਤੇ ਚਾਹ, ਬ੍ਰਹੰਮ, ਔ ਲਛਮੀ ਤਿੰਨ ਤਿੰਨ ॥
'ਕੰਵਲ' ਖ਼ੁਸੀ ਸੇ ਸਭ ਕਰੋ ਇਨ ਰਾਗਣ ਸੰਗ ਨੇਹੁ ॥
ਸੁਤਿ ਅਠਤਾਲੀ ਰਾਗੀਣੀਆਂ ਤੀਹ, ਮੁਖੀ ਰਾਗ ਹੈ ਛੇਈ ॥

ਕਾਵ ਸੰਗ੍ਰੇਹੁ ਝੁਮਣ ਸਿੰਘ 'ਕੰਵਲ'

ਸ. ਛੁਮਨ ਸਿੰਘ ਸਕੱਤ੍ਰ ਈ: ਏ: ਨਾਮਧਾਰੀ ਸੰਗਤ ਲਈ ਬਾਕਸ ਨੰ: ੧੧੩੦੮ ਨੈਰੋਬੀ ਨੇ
ਜੀਵਨ ਪ੍ਰਿੰਟਰਜ਼ ਪ੍ਰਾਈਵੇਟ ਲਿਮਿਟਿਡ ਬੰਬਈ-੧੧
ਵਿਚੋਂ ਛਪਵਾ ਕੇ ਪ੍ਰਕਾਸ਼ਤ ਕੀਤਾ ।